## ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ
## (S.S.S. Board, Punjab)
### ਵਣ ਕੰਪਲੈਕਸ, ਸੈਕਟਰ-68, ਐਸ.ਏ.ਐਸ. ਨਗਰ (ਮੋਹਾਲੀ)

**ਇਸ਼ਤਿਹਾਰ ਨੰ: 04 ਆਫ 2015 ਅਧੀਨ ਕਲਰਕ ਅਤੇ ਕਲਰਕ-ਕਮ-ਡਾਟਾ ਐਂਟਰੀ ਅਪਰੇਟਰ ਦੀਆਂ ਪ੍ਰਕਾਸ਼ਿਤ ਆਸਾਮੀਆਂ ਸਬੰਧੀ ਪੰਜਾਬੀ ਅਤੇ ਅੰਗਰੇਜੀ ਕੁਆਲੀਫਾਇੰਗ ਟਾਈਪ ਟੈਸਟ ਕੰਡਕਟ ਕਰਨ ਬਾਰੇ ਉਮੀਦਵਾਰਾਂ ਦੀ ਜਾਣਕਾਰੀ ਲਈ ਜ਼ਰੂਰੀ ਹਦਾਇਤਾਂ।**

1. ਪੰਜਾਬੀ ਅਤੇ ਅੰਗਰੇਜੀ ਟਾਈਪ ਟੈਸਟ ਕੰਪਿਊਟਰ ਉੱਤੇ Online ਹੋਵੇਗਾ। ਪੰਜਾਬੀ ਅਤੇ ਅੰਗਰੇਜੀ ਦਾ ਟਾਈਪ ਕੀਤੇ ਜਾਣ ਵਾਲਾ ਪੈਰ੍ਹਾ ਸਕਰੀਨ ਤੇ ਹੋਵੇਗਾ ਅਤੇ ਉਸ ਨੂੰ ਵੇਖ ਕੇ ਹੇਠਾਂ ਟਾਈਪ ਕਰਨਾ ਹੋਵੇਗਾ।
2. ਟੈਸਟ ਸ਼ੁਰੂ ਹੋਣ ਤੋਂ ਪਹਿਲਾਂ ਪ੍ਰੈਕਟਿਸ ਕਰਨ ਲਈ Mock Test ਦਾ ਵੀ ਉਪਬੰਧ ਕੀਤਾ ਗਿਆ ਹੈ।
3. ਟੈਸਟ ਸ਼ੁਰੂ ਹੋਣ ਤੋਂ ਕੁੱਝ ਦਿਨ ਪਹਿਲਾਂ ਉਮੀਦਵਾਰਾਂ ਦੀ ਸੁਵਿਧਾ ਲਈ ਆਨ-ਲਾਈਨ Mock Test ਦਾ ਵੀ ਬੋਰਡ ਦੀ ਵੈਬਸਾਈਟ ਤੇ ਉਪਬੰਧ ਕੀਤਾ ਜਾਵੇਗਾ, ਜਿਸ ਸਬੰਧੀ ਮਿਤੀਆਂ ਬਾਅਦ ਵਿੱਚ ਬੋਰਡ ਦੀ ਵੈਬਸਾਈਟ ਉਪਰ ਅਪਲੋਡ ਕੀਤੀਆਂ ਜਾਣਗੀਆਂ।
4. ਪੰਜਾਬੀ ਅਤੇ ਅੰਗਰੇਜੀ ਟਾਈਪ ਪ੍ਰੀਖਿਆ ਹਰੇਕ ਲਈ 300-300 ਸ਼ਬਦ ਦੇ ਦੋ ਪੈਰ੍ਹੇ ਹੋਣਗੇ, ਜਿਨ੍ਹਾਂ ਨੂੰ 30 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਟਾਈਪ ਕਰਨਾ ਹੋਵੇਗਾ ਅਤੇ ਉਮੀਦਵਾਰ ਨੂੰ ਹਰੇਕ ਪੈਰ੍ਹਾ ਟਾਈਪ ਕਰਨ ਲਈ 10-10 ਮਿੰਟ ਦਾ ਸਮਾਂ ਦਿੱਤਾ ਜਾਵੇਗਾ। ਪੰਜਾਬੀ ਅਤੇ ਅੰਗਰੇਜੀ ਦੇ ਦੋਵੇਂ ਪੈਰ੍ਹਿਆਂ ਵਿੱਚ 300 ਸ਼ਬਦ ਤੋਂ ਘੱਟ ਸ਼ਬਦ ਟਾਈਪ ਕਰਨ ਵਾਲੇ ਉਮੀਦਵਾਰ ਨੂੰ ਫੇਲ੍ਹ ਮੰਨਿਆ ਜਾਵੇਗਾ। ਪਹਿਲਾਂ ਪੰਜਾਬੀ ਟਾਈਪ ਟੈਸਟ ਹੋਵੇਗਾ। ਉਸ ਤੋਂ 05 (ਪੰਜ) ਮਿੰਟ ਬਾਅਦ ਅੰਗਰੇਜੀ ਟਾਈਪ ਟੈਸਟ ਹੋਵੇਗਾ।
5. ਉਕਤ ਦੋਵੇਂ ਟਾਈਪ ਟੈਸਟ ਕੁਆਲੀਫਾਇੰਗ ਨੇਚਰ ਦੇ ਹਨ ਪਰ ਜੇਕਰ ਕੋਈ ਉਮੀਦਵਾਰ 300 ਸ਼ਬਦ ਦਾ ਪੈਰ੍ਹਾ 10 ਮਿੰਟ ਤੋਂ ਪਹਿਲਾਂ ਟਾਈਪ ਕਰ ਲਵੇ ਤਾਂ ਉਹ ਦੁਬਾਰਾ ਤੋਂ ਪੈਰਾ ਟਾਈਪ ਕਰ ਸਕਦਾ ਹੈ ਅਤੇ ਉਸ ਦਾ ਨਤੀਜਾ ਕੁੱਲ ਟਾਈਪ ਕੀਤੇ ਸ਼ਬਦਾਂ ਦੀ ਗਿਣਤੀ ਅਨੁਸਾਰ ਕੱਢਿਆ ਜਾਵੇਗਾ।
6. ਪੰਜਾਬੀ ਅਤੇ ਅੰਗਰੇਜੀ ਟਾਈਪ ਪ੍ਰੀਖਿਆ ਵਿੱਚ 8 ਪ੍ਰਤੀਸ਼ਤ ਗਲਤੀਆਂ ਮਾਫ ਹੋਣਗੀਆਂ ਅਤੇ ਅੱਠ ਪ੍ਰਤੀਸ਼ਤ ਤੋਂ ਵੱਧ ਗਲਤੀਆਂ ਕਰਨ ਵਾਲੇ ਉਮੀਦਵਾਰ ਨੂੰ ਫੇਲ੍ਹ ਸਮਝਿਆ ਜਾਵੇਗਾ।
7. ਪੰਜਾਬੀ ਵਿੱਚ ਸ਼ਬਦ ਗਿਣਦੇ ਸਮੇਂ ਪੂਰਣ ਵਿਸ਼ਰਾਮ (ਡੰਡੀ-।) ਜਾਂ ਪ੍ਰਸ਼ਨ ਚਿੰਨ੍ਹ (?) ਨੂੰ ਪੂਰਾ ਪੂਰਾ ਸ਼ਬਦ ਗਿਣਿਆ ਜਾਵੇਗਾ। ਇਸ ਲਈ ਪੂਰਣ ਵਿਸ਼ਰਾਮ ਅਤੇ ਪ੍ਰਸ਼ਨ ਚਿੰਨ੍ਹ ਛੱਡਣ ਦੀ ਵੀ ਇੱਕ-ਇੱਕ ਗਲਤੀ ਗਿਣੀ ਜਾਵੇਗੀ। ਕਾਮੇ ਆਦਿ ਦੀ ਕੋਈ ਗਲਤੀ ਨਹੀਂ ਗਿਣੀ ਜਾਵੇਗੀ ਕਿਉਂਕਿ ਸ਼ਬਦ ਗਿਣਦੇ ਸਮੇਂ ਇਨ੍ਹਾਂ ਨੂੰ ਨਹੀਂ ਗਿਣਿਆ ਜਾਂਦਾ । ਅੰਗਰੇਜੀ ਟਾਈਪ ਵਿੱਚ Full Stop(.) ਅਤੇ Question Mark(?) ਨੂੰ ਵੀ ਪੂਰਾ ਸ਼ਬਦ ਗਿਣਿਆ ਜਾਵੇਗਾ ਅਤੇ ਕਾਮੇ ਆਦਿ ਦੀ ਕੋਈ ਗਲਤੀ ਨਹੀਂ ਮੰਨੀ ਜਾਵੇਗੀ।
8. ਪੰਜਾਬੀ ਅਤੇ ਅੰਗਰੇਜੀ ਦੇ ਪਰਚੇ ਵਿੱਚ ਪੈਰਾ ਛੱਡਿਆ ਗਿਆ ਹੋਵੇ ਪਰ ਉਮੀਦਵਾਰ ਪੈਰ੍ਹਾ ਨਾ ਛੱਡੇ ਤਾਂ ਇੱਕ ਗਲਤੀ ਗਿਣੀ ਜਾਵੇਗੀ।
9. ਪੰਜਾਬੀ ਅਤੇ ਅੰਗਰੇਜੀ ਵਿੱਚ ਹਰ ਗਲਤ ਟਾਈਪ ਕੀਤੇ ਹੋਏ ਸ਼ਬਦ ਜਾਂ ਪੈਰ੍ਹੇ ਤੋਂ ਬਾਹਰਲੀ ਵਾਧੂ ਟਾਈਪ ਕੀਤੇ ਗਏ ਸ਼ਬਦ ਦੀ ਗਲਤੀ ਮੰਨੀ ਜਾਵੇਗੀ।
10. ਪੰਜਾਬੀ ਅਤੇ ਅੰਗਰੇਜੀ ਟਾਈਪ ਲਈ ਦਿੱਤੇ ਗਏ ਪੈਰ੍ਹੇ ਵਿੱਚੋਂ ਜੇਕਰ ਕੋਈ ਸ਼ਬਦ ਟਾਈਪ ਕਰਨ ਤੋਂ ਰਹਿ ਜਾਵੇ ਤਾਂ ਉਸ ਦੀ ਗਲਤੀ ਮੰਨੀ ਜਾਵੇਗੀ।
11. ਪੰਜਾਬੀ ਅਤੇ ਅੰਗਰੇਜੀ ਟਾਈਪ ਟੈਸਟ ਦੌਰਾਨ ਵੱਧ ਵਿੱਥ (ਸਪੇਸ) ਛੱਡਣ ਅਤੇ ਦੋ ਸ਼ਬਦਾਂ ਵਿੱਚ ਸਪੇਸ ਨਾ ਛੱਡਣ ਦੀ ਅੱਧੀ-ਅੱਧੀ ਗਲਤੀ ਹੋਵੇਗੀ ।
12. ਪੰਜਾਬੀ ਟਾਈਪ ਵਿੱਚ ਬਿੰਦੀ ਅਤੇ ਲਗਾਂ ਮਾਤਰਾਂ ਦੀ ਉਲੰਘਣਾ ਕਰਨ ਦੀ ਪੂਰੀ ਗਲਤੀ ਮੰਨੀ ਜਾਵੇਗੀ।
13. ਜੇਕਰ ਉਮੀਦਵਾਰ ਟਾਈਪ ਕੀਤੇ ਹੋਏ ਪੈਰ੍ਹੇ ਵਿੱਚ ਕੋਈ ਗਲਤ ਸ਼ਬਦ ਨੂੰ ਠੀਕ ਕਰਨਾ ਚਾਹੁੰਦਾ ਹੋਵੇ ਤਾਂ ਉਹ Backspace ਰਾਹੀਂ ਅਲਾਟ ਕੀਤੇ ਗਏ 10 ਮਿੰਟ ਦੇ ਸਮੇਂ ਦੇ ਅੰਦਰ-ਅੰਦਰ Submit ਕਰਨ ਤੋਂ ਪਹਿਲਾਂ ਗਲਤ ਸ਼ਬਦ ਨੂੰ ਠੀਕ ਕਰ ਸਕਦਾ ਹੈ।
14. ਇਹ ਟੈਸਟ ਮਈ, 2016 ਦੇ ਦੂਜੇ ਜਾਂ ਤੀਜੇ ਹਫਤੇ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਲਈ ਉਮੀਦਵਾਰ ਬੋਰਡ ਵਲੋਂ ਸਮੇਂ-ਸਮੇਂ ਅਪਲੋਡ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਬੋਰਡ ਦੀ ਵੈਬਸਾਈਟ ਉੱਪਰ ਸਮੇਂ-ਸਮੇਂ ਤੇ ਚੈਕ ਕਰਦੇ ਰਹਿਣ।

Kamal Kumar

ਮਿਤੀ: 29 ਅਪ੍ਰੈਲ, 2016

ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ।